# ਪ੍ਰਾਇਮਰੀ ਤੋਂ ਹਾਈ ਸਕੂਲ ਤੱਕ : ਅਗਲਾ ਵੱਡਾ ਕਦਮ

## ਤੁਹਾਡੇ ਬੱਚੇ ਦੇ ਸਕੂਲ ਦੇ ਕੰਮ ਨੂੰ ਸਮਝਦਿਆਂ







Year 7 ਵਿੱਚ, ਤੁਹਾਡੇ ਬੱਚੇ ਦੀ ਜਾਣ-ਪਛਾਣ ਅਜਿਹੇ ਵਿਸ਼ਿਆਂ ਨਾਲ ਕਰਵਾਈ ਜਾਵੇਗੀ, ਜਿਹੜੇ ਉਸ ਨੇ ਪਹਿਲਾਂ ਕਦੇ ਨਹੀਂ ਪੜ੍ਹੇ, ਅਤੇ ਹੋਰ ਵਿਸ਼ੇ ਜਿਨ੍ਹਾਂ ਦੀ ਪਹੁੰਚ ਅਤੇ ਪ੍ਰਭਾਵ ਪ੍ਰਾਇਮਰੀ ਸਕੂਲ ਦੀ ਪੜ੍ਹਾਈ ਤੋਂ ਵੱਖਰੇ ਹੋ ਸਕਦੇ ਹਨ।

ਉਨ੍ਹਾਂ ਤੋਂ ਆਸ ਰੱਖੀ ਜਾਵੇਗੀ ਕਿ ਉਹ ਪ੍ਰਾਇਮਰੀ ਸਕੂਲ ਦੇ ਮੁਕਾਬਲੇ ਵਧੇਰੇ ਆਜ਼ਾਦ ਅਤੇ ਸਵੈ-ਨਿਰਭਰ ਹੋਣ।

Year 10 ਦੇ ਖ਼ਤਮ ਹੋਣ ਉਤੇ School Certificate (ਸਾਲ ੭-੧੦ ਕੋਰਸ ਦੀਆਂ ਜ਼ਰੂਰਤਾਂ ਦੇ ਸਫ਼ਲਤਾਪੂਰਬਕ ਮੁਕੰਮਲ ਹੋਣ ਮੌਕੇ ਹਾਸਲ ਕੀਤਾ ਜਾਣ ਵਾਲਾ ਸਰਟੀਫ਼ਿਕੇਟ) ਲਈ ਯੋਗ ਬਣਨ ਵਾਸਤੇ, ਵਿਦਿਆਰਥੀਆਂ ਨੂੰ ਜ਼ਰੂਰ ਹੀ Year 7 ਤੋਂ ਹੇਠਾਂ ਲਿਖੇ ਵਿਸ਼ਿਆਂ ਦਾ ਅਧਿਐਨ ਕਰਨਾ ਹੁੰਦਾ ਹੈਂ

- ਅੰਗਰੇਜ਼ੀ
- ਗਣਿਤ
- ਵਿਗਿਆਨ
- ਭੂਗੋਲ
- ਇਤਿਹਾਸ
- ਭਾਸ਼ਾਵਾਂ
- ਤਕਨਾਲੋਜੀ
- ਵਿਜ਼ੂਅਲ ਆਰਟਸ
- ਸੰਗੀਤ
- ਨਿਜੀ ਵਿਕਾਸ, ਸਿਹਤ ਅਤੇ ਸਰੀਰਕ ਸਿੱਖਿਆ (PDHPE).

Years 7-10 ਦੇ ਵਿਦਿਆਰਥੀ ਚੋਣਵੇਂ ਵਿਸ਼ਿਆਂ 'ਚੋਂ ਵੀ ਚੁਣਨ ਦੇ ਯੋਗ ਹੋ ਸਕਦੇ ਹਨ। ਵਿਸ਼ਿਆਂ ਦੀ ਉਦਾਹਰਣਾਂ, ਜਿਨ੍ਹਾਂ ਦੀ ਪੇਸ਼ਕਸ਼ ਆਮ ਤੌਰ ਉਤੇ Years 9 and 10 ਵਿੱਚ ਕੀਤੀ ਜਾਂਦੀ ਹੈ, ਇਸ ਪ੍ਰਕਾਰ ਹਨ :

- ਐਬਰਿੱਜਨਲ ਅਧਿਐਨ
- ਖੇਤੀ ਤਕਨਾਲੋਜੀ
- ਵਣਜ
- ਨਾਚ
- ਡਿਜ਼ਾਈਨ ਅਤੇ ਤਕਨਾਲੋਜੀ
- ਨਾਟਕ
- ਖ਼ੁਰਾਕ ਤਕਨਾਲੋਜੀ
- ਗ੍ਰਾਫ਼ਿਕਸ ਤਕਨਾਲੋਜੀ
- ਉਦਯੋਗਿਕ ਤਕਨਾਲੋਜੀ
- ਸੂਚਨਾ ਅਤੇ ਸਾਫ਼ਟਵੇਅਰ ਤਕਨਾਲੋਜੀ
- ਸਮੁੰਦਰੀ ਅਤੇ ਜਲ-ਸਭਿਆਚਾਰ ਤਕਨਾਲੋਜੀ
- ਸੰਗੀਤ
- ਫ਼ੋਟੋਗ੍ਰਾਫ਼ਿਕ ਅਤੇ ਡਿਜੀਟਲ ਮੀਡੀਆ
- ਸਰੀਰਕ ਗਤੀਵਿਧੀ ਅਤੇ ਖੇਡ ਅਧਿਐਨ
- ਕਪੜਾ ਤਕਨਾਲੋਜੀ
- ਵਿਜ਼ੂਅਲ ਆਰਟਸ
- ਵਿਜ਼ੂਅਲ ਡਿਜ਼ਾਈਨ
- ਕਾਰਜ ਸਿੱਖਿਆ
- 17 ਭਾਸ਼ਾਵਾਂ ਦੀ ਚੋਣ

ਤੁਹਾਡੇ ਪਬਲਿਕ ਹਾਈ ਸਕੂਲ 'ਚ ਚੋਣਵੇਂ ਵਿਸ਼ਿਆਂ ਦੀ ਪੇਸ਼ਕਸ਼, ਉਸ ਖ਼ਾਸ ਵਿਸ਼ੇ ਵਿੱਚ ਦਿਲਚਸਪੀ ਰੱਖਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਅਤੇ ਸਕੂਲ ਵਿੱਚ ਉਪਲਬਧ ਮਾਹਿਰਾਂ ਉਤੇ ਨਿਰਭਰ ਹੋਵੇਗੀ। ਜੇ ਤੁਹਾਡੇ ਬੱਚੇ ਵਿੱਚ ਕੋਈ ਖ਼ਾਸ ਪ੍ਰਤਿਭਾ ਹੈ ਜਾਂ ਜੇ ਉਸ ਦੀ ਦਿਲਚਸਪੀ ਕਿਸੇ ਖ਼ਾਸ ਖੇਤਰ ਵਿੱਚ ਹੈ, ਤਾਂ ਤੁਸੀਂ ਅਜਿਹੇ ਮਾਹਿਰ ਹਾਈ ਸਕੂਲਾਂ 'ਚੋਂ ਕਿਸੇ ਇੱਕ ਨੂੰ ਚੁਣ ਸਕਦੇ ਹੋ।

## ਸਕੂਲ ਵਿੱਚ ਕਰਵਾਈਆਂ ਜਾਣ ਵਾਲੀਆਂ ਹੋਰ ਗਤੀਵਿਧੀਆਂ

ਹਰੇਕ ਵਿਦਿਆਰਥੀ ਦੇ ਸਮਾਜਕ ਅਤੇ ਨਿਜੀ ਵਿਕਾਸ ਵਿੱਚ ਸਹਾਇਤਾ ਲਈ ਸਕੂਲਾਂ ਵਲੋਂ ਪੇਸ਼ਕਸ਼ ਕੀਤੀਆਂ ਜਾਣ ਵਾਲੀਆਂ ਕੁੱਝ ਹੋਰ ਗਤੀਵਿਧੀਆਂ ਇਸ ਪ੍ਰਕਾਰ ਹਨ ˙

- ਹਮਉਮਰਾਂ ਦਾ ਸਮਰਥਨ ਅਤੇ ਹਮਉਮਰਾਂ ਦੀ ਵਿਚੋਲਗੀ
- ਤਜਰਬੇਕਾਰ ਵਿਦਿਆਰਥੀ ਸਲਾਹਕਾਰ

- ਬਹੁਤ ਹੀ ਮਿਆਰੀ ਅਤੇ ਪ੍ਰਤਿਭਾਸ਼ਾਲੀ ਪ੍ਰੋਗਰਾਮ
- ਪੁਰਸਕਾਰ ਅਤੇ ਪਛਾਣ ਨਾਲ ਸਬੰਧਤ ਪ੍ਰੋਗਰਾਮ
- ਡਰੱਗ ਅਤੇ ਸਿਹਤ ਸਿੱਖਿਆ
- ਨਸਲਵਾਦ-ਵਿਰੋਧੀ ਸਿੱਖਿਆ
- ਘਰੇਲੂ ਹਿੰਸਾ ਅਤੇ ਬਾਲ ਸੁਰੱਖਿਆ ਸਿੱਖਿਆ
- ਜੁਰਮਾਂ ਦੀ ਰੋਕਥਾਮ ਲਈ ਪ੍ਰੋਗਰਾਮ
- ਸਿਹਤ ਅਤੇ ਫਿੱਟਨੈਸ ਪ੍ਰੋਗਰਾਮ
- Year 6-7 ਤਬਦੀਲੀ ਪ੍ਰੋਗਰਾਮ
- ਵਿਦਿਆਰਥੀ ਲੀਡਰਸ਼ਿਪ ਸਿਖਲਾਈ
- ਵਿਦਿਆਰਥੀ ਪ੍ਰਤੀਨਿਧੀ ਕੌਂਸਲਾਂ
- ਐਡਵੈਂਚਰ ਕੈਂਪ ਅਤੇ ਬਾਹਰੀ ਸੈਰ-ਸਪਾਟਾ

## ਘਰ ਦਾ ਕੰਮ (ਹੋਮਵਰਕ)

ਸਕੂਲ ਦੇ ਹਰੇਕ ਦਿਨ ਤੁਹਾਡੇ ਬੱਚੇ ਨੂੰ ਆਮ ਤੌਰ ਉਤੇ ਘਰ ਦੇ ਕੰਮ (ਹੋਮਵਰਕ) ਦਾ ਇੱਕ ਸੈੱਟ ਦਿੱਤਾ ਜਾਵੇਗਾ ਅਤੇ ਜਿਉਂ-ਜਿਉਂ ਉਹ ਸੀਨੀਅਰ ਸਾਲਾਂ ਵਿੱਚ ਦਾਖਲ ਹੁੰਦੇ ਜਾਣਗੇ, ਤਿਉਂ-ਤਿਉਂ ਹੋਮਵਰਕ ਅਤੇ ਅਧਿਐਨ ਦੀਆਂ ਮੰਗਾਂ ਵਧਦੀਆਂ ਜਾਣਗੀਆਂ। ਹੋਮਵਰਕ ਵਿੱਚ, ਜਮਾਤ 'ਚ ਪੜ੍ਹਾਇਆ ਗਿਆ ਕੰਮ ਦੁਬਾਰਾ ਕਰਨਾ ਹੁੰਦਾ ਹੈ ਜੋ ਖੋਜੀ ਰੁਚੀਆਂ ਦੀ ਨਿਪੁੰਨਤਾ ਵਿਕਸਤ ਕਰਨ ਅਤੇ ਸਮੇਂ ਦੀ ਸਹੀ ਉਪਯੋਗਤਾ ਕਰਨ ਵਿੱਚ ਮਦਦ ਕਰਦਾ ਹੈ। ਇਸ ਨਾਲ ਪੜ੍ਹਨ ਦੀ ਆਦਤ, ਇਕਾਗਰਤਾ ਅਤੇ ਸਵੈ-ਅਨੁਸ਼ਾਸਨ ਸਥਾਪਤ ਕਰਨ ਵਿੱਚ ਮਦਦ ਮਿਲਦੀ ਹੈ।

ਤੁਸੀਂ ਆਪਣੇ ਬੱਚੇ ਦੀ ਮਦਦ ਇੰਝ ਵੀ ਕਰ ਸਕਦੇ ਹੋ :

- ਉਨ੍ਹਾਂ ਦੇ ਹੋਮਵਰਕ ਵਿੱਚ ਸਰਗਰਮੀ ਨਾਲ ਦਿਲਚਸਪੀ ਲੈਣ ਵਿੱਚ
- ਹੋਮਵਰਕ ਲਈ ਹਰ ਰੋਜ਼ ਸਮਾਂ ਕੱਢਣ ਲਈ ਸਹਾਇਤਾ ਕਰਨ ਵਿੱਚ
- ਜੇ ਸੰਭਵ ਹੋਵੇ, ਹੋਮਵਰਕ ਅਤੇ ਅਧਿਐਨ ਲਈ ਕੋਈ ਸਮਰਪਿਤ ਸਥਾਨ ਮੁਹੱਈਆ ਕਰਵਾਉਣ ਵਿੱਚ
- ਜੇ ਬੇਨਤੀ ਕੀਤੀ ਗਈ ਹੈ ਤਾਂ ਮੁਕੰਮਲ ਕੀਤੇ ਗਏ ਕੰਮ ਉਤੇ ਹਸਤਾਖਰ ਕਰਕੇ ਹੋਮਵਰਕ ਉਤੇ ਨਿਗਰਾਨੀ ਰੱਖਣ ਵਿੱਚ ਅਧਿਆਪਕਾਂ ਦੀ ਸਹਾਇਤਾ ਕਰਕੇ, ਅਤੇ ਹੋਮਵਰਕ ਸੈੱਟ ਦੀ ਮਾਤਰਾ ਤੋਂ ਜਾਣੂ ਰਹਿ ਕੇ
- ਹੋਮਵਰਕ ਦੀ ਪ੍ਰਕਿਰਤੀ ਬਾਰੇ ਜੇ ਕੋਈ ਚਿੰਤਾ ਹੋਵੇ ਜਾਂ ਕੋਈ ਖ਼ਾਸ ਗੱਲ ਹੋਵੇ ਜਾਂ ਹੋਮਵਰਕ ਪ੍ਰਤੀ ਆਪਣੇ ਬੱਚੇ ਦੀ ਪਹੁੰਚ ਬਾਰੇ ਅਧਿਆਪਕਾਂ ਨਾਲ ਗੱਲਬਾਤ ਕਰਕੇ
- ਆਪਣੇ ਬੱਚੇ ਨੂੰ ਤਾਜ਼ਾ ਘਟਨਾਵਾਂ ਬਾਰੇ ਪੜ੍ਹਨ ਵਿੱਚ ਅਤੇ ਉਨ੍ਹਾਂ ਵਿੱਚ ਉਸ ਦੀ ਦਿਲਚਸਪੀ ਪੈਦਾ ਕਰਨ ਵਿੱਚ ਉਤਸਾਹਿਤ ਕਰਕੇ
- ਜਦੋਂ ਹੋਮਵਰਕ ਦਿੱਤਾ ਜਾ ਰਿਹਾ ਹੋਵੇ ਜਾਂ ਉਸ ਨੂੰ ਚਿੰਨ੍ਹਿਤ ਕੀਤਾ ਜਾ ਰਿਹਾ ਹੋਵੇ ਤਾਂ ਕਿਸੇ ਤਰ੍ਹਾਂ ਦੇ ਘਰੇਲੂ ਹਾਲਾਤ ਜਾਂ ਪਾਠਕ੍ਰਮ ਤੋਂ ਇਲਾਵਾ ਹੋਰ ਗਤੀਵਿਧੀਆਂ ਬਾਰੇ ਸਕੂਲ ਨੂੰ ਚੌਕਸ ਕਰਕੇ, ਜਿਨ੍ਹਾਂ ਬਾਰੇ ਵਿਚਾਰ ਕਰਨਾ ਜ਼ਰੂਰੀ ਹੋ ਸਕਦਾ ਹੈ।

ਹਰੇਕ ਸਕੂਲ ਮਾਪਿਆਂ ਅਤੇ ਸਰਪ੍ਰਸਤਾਂ ਨਾਲ ਸਲਾਹ-ਮਸ਼ਵਰਾ ਕਰਕੇ ਆਪਣੀ ਖ਼ੁਦ ਦੀ ਹੋਮਵਰਕ ਨੀਤੀ ਵਿਕਸਤ ਕਰਦਾ ਹੈ। ਤੁਸੀਂ ਇਸ ਦੀ ਇੱਕ ਕਾਪੀ ਆਪਣੇ ਸਕੂਲ ਤੋਂ ਹਾਸਲ ਕਰ ਸਕਦੇ ਹੋ।

## ਪ੍ਰਗਤੀ ਰਿਪੋਰਟਾਂ

ਹਰੇਕ ਸਾਲ-ਆਮ ਤੌਰ ਉਤੇ ਟਰਮ 2 ਅਤੇ 4 ਦੇ ਖ਼ਤਮ ਹੋਣ ਉਤੇ, ਤੁਹਾਡੇ ਬੱਚੇ ਦੀ ਪ੍ਰਗਤੀ ਬਾਰੇ ਘੱਟੋ-ਘੱਟ ਦੋ ਲਿਖਤੀ ਰਿਪੋਰਟਾਂ ਤੁਹਾਨੂੰ ਪ੍ਰਾਪਤ ਹੋਣਗੀਆਂ। ਪ੍ਰਿੰਸੀਪਲ ਅਤੇ ਅਧਿਆਪਕਾਂ ਨੂੰ ਬਹੁਤ ਖ਼ੁਸ਼ੀ ਹੋਵੇਗੀ, ਜੇ ਉਹ ਤੁਹਾਡੇ ਬੱਚੇ ਦੀ ਪ੍ਰਗਤੀ ਬਾਰੇ ਤੁਹਾਡੇ ਨਾਲ ਵਿਚਾਰ ਵਟਾਂਦਰਾ ਕਰਨਗੇ।

ਬਹੁਤੇ ਸਕੂਲਾਂ ਵਿੱਚ ਮਾਪੇ/ਅਧਿਆਪਕ ਮੀਟਿੰਗਾਂ (ਆਮ ਤੌਰ ਉਤੇ ਸ਼ਾਮ ਵੇਲੇ) ਰੱਖੀਆਂ ਜਾਂਦੀਆਂ ਹਨ ਤਾਂ ਜੋ ਮਾਪਿਆਂ ਨੂੰ ਆਪਣੇ ਬੱਚੇ ਦੀ ਪ੍ਰਗਤੀ ਬਾਰੇ ਆਪਣੇ ਬੱਚੇ ਦੇ ਹਰੇਕ ਅਧਿਆਪਕ ਨਾਲ ਗੱਲਬਾਤ ਕਰਨ ਦਾ ਮੌਕਾ ਮਿਲੇ। ਜ਼ਿਆਦਾਤਰ ਹਾਈ ਸਕੂਲ ਮਾਪਿਆਂ ਨੂੰ, ਉਨ੍ਹਾਂ ਦੀ ਕਿਸੇ ਵੀ ਪ੍ਰਕਾਰ ਦੀ ਚਿੰਤਾ ਜਾਂ ਆਪਣੇ ਵਿਚਾਰ ਸਾਂਝੇ ਕਰਨ ਲਈ ਕਿਸੇ ਵੀ ਸਮੇਂ ਸਕੂਲ 'ਚ ਆ ਕੇ ਮਿਲਣ ਜਾਂ ਟੈਲੀਫ਼ੋਨ ਕਰਨ ਲਈ ਉਤਸਾਹਿਤ ਕਰਦੇ ਹਨ।

ਜੇ ਲੋੜ ਹੋਵੇ, ਤੁਸੀਂ ਬੇਨਤੀ ਕਰ ਸਕਦੇ ਹੋ ਕਿ ਮਾਪੇ/ਅਧਿਆਪਕ ਮੀਟਿੰਗਾਂ ਵੇਲੇ ਇੱਕ ਇੰਟਰਪ੍ਰੇਟਰ (ਦੁਭਾਸ਼ੀਆ) ਮੌਜੂਦ ਰਹੇ ਅਤੇ ਜਿੱਥੇ ਸੰਭਵ ਹੋਵੇ, ਸਕੂਲ ਇਸ ਦਾ ਪ੍ਰਬੰਧ ਕਰੇਗਾ।

## ਟੈਲੀਫ਼ੋਨ ਇੰਟਰਪ੍ਰੇਟਰ ਸੇਵਾ

ਜੇ ਤੁਹਾਨੂੰ ਤੁਹਾਡੇ ਪ੍ਰਿੰਸੀਪਲ ਨਾਲ ਸੰਪਰਕ ਕਰਨ ਵਿੱਚ ਤੁਹਾਡੀ ਸਹਾਇਤਾ ਲਈ ਇੱਕ ਇੰਟਰਪ੍ਰੇਟਰ ਦੀ ਲੋੜ ਹੈ, ਤਾਂ ਕ੍ਰਿਪਾ ਕਰਕੇ ਟੈਲੀਫ਼ੋਨ ਨੰਬਰ 131 450 ਉਤੇ ਟੈਲੀਫ਼ੋਨ ਇੰਟਰਪ੍ਰੇਟਰ ਸਰਵਿਸ ਨੂੰ ਕਾੱਲ ਕਰੋ ਅਤੇ ਆਪਣੀ ਭਾਸ਼ਾ ਵਿੱਚ ਇੱਕ ਇੰਟਰਪ੍ਰੇਟਰ ਮੰਗੋ। ਇੰਟਰਪ੍ਰੇਟਰ ਪ੍ਰਿੰਸੀਪਲ ਨੂੰ ਫ਼ੋਨ ਕਰੇਗਾ ਅਤੇ ਤੁਹਾਡੀ ਪ੍ਰਿੰਸੀਪਲ ਨਾਲ ਗੱਲਬਾਤ ਦੌਰਾਨ ਤੁਹਾਡੀ ਸਹਾਇਤਾ ਲਈ ਲਾਈਨ ਉਤੇ ਬਣਿਆ ਰਹੇਗਾ। ਇਸ ਸੇਵਾ ਲਈ ਤੁਹਾਡੇ ਤੋਂ ਕੋਈ ਖ਼ਰਚਾ ਨਹੀਂ ਵਸੂਲਿਆ ਜਾਵੇਗਾ।

NSW Department of Education

GPO Box 33
Sydney NSW 2001
T 9561 8000

NSW GOVERNMENT | Education Public Schools